ਮੌੜ ਮੰਡੀ ਦਾ ਵਿਸ਼ੇਸ਼ ਸਪਲੀਮੈਂਟ ਕੱਢੇ ਜਾਣ 'ਤੇ ਸ਼ਾਮ ਲਾਲ ਜੋਧਪੁਰੀਆ ਸਟਾਫ਼ ਰਿਪੋਰਟਰ ਨੂੰ ਲੱਖ-ਲੱਖ ਵਧਾਈ।

ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ, ਪੰਜਾਬ | ਸ. ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ, ਪੰਜਾਬ | ਬੀਬੀ ਹਰਸਿਮਰਤ ਕੌਰ ਬਾਦਲ ਐਮ.ਪੀ. ਲੋਕ ਸਭਾ ਬਠਿੰਡਾ | ਸ੍ਰੀ ਜਗਦੀਪ ਸਿੰਘ ਨਕਈ ਪਾਰਲੀਮਾਨੀ ਸਕੱਤਰ, ਪੰਜਾਬ

ਵੱਲੋਂ

ਸ. ਯਾਦਵਿੰਦਰ ਸਿੰਘ (ਜੈਮੀ) ਸੀਨੀਅਰ ਅਕਾਲੀ ਆਗੂ

ਸ. ਯਾਦਵਿੰਦਰ ਸਿੰਘ (ਜੈਮੀ) ਮੈਂਬਰ ਸਲਾਹਕਾਰ ਪੰਜਾਬ ਰਾਜ ਬਿਜਲੀ ਬੋਰਡ ਅਤੇ ਸਿੰਚਾਈ ਵਿਭਾਗ, ਬਲਾਕ ਫੂਲ ਪ੍ਰਧਾਨ ਕੋ: ਸੁਸਾਇਟੀ ਪੀਰਕੋਟ ਜ਼ਿਲ੍ਹਾ ਬਠਿੰਡਾ

ਕਈ ਤਰ੍ਹਾਂ ਦੀਆਂ ਸਮੱਸਿਆਵਾਂ 'ਚ ਘਿਰੀ ਹੈ ਮੌੜ ਮੰਡੀ

ਮੌੜ ਮੰਡੀ ਜ਼ਿਲ੍ਹਾ ਬਠਿੰਡਾ ਵਿੱਚ ਬਠਿੰਡਾ-ਮਾਨਸਾ ਰੋਡ 'ਤੇ ਪੈਂਦੀ ਹੈ, ਇਹ ਮੰਡੀ ਕਾਟਨ ਫੈਕਟਰੀਆਂ ਦੀ ਬੈਲਟ ਵਿੱਚ ਪਹਿਲੇ ਨੰਬਰ 'ਤੇ ਜਾਣੀ ਜਾਂਦੀ ਹੈ। ਇਸ ਮੰਡੀ ਦੀ ਆਬਾਦੀ ਚਾਲੀ ਹਜ਼ਾਰ ਦੇ ਲੱਗਭੱਗ ਹੈ। ਇਸ ਮੰਡੀ ਤੋਂ 20 ਕਿ.ਮੀ. ਦੂਰ ਸਬ ਡਵੀਜ਼ਨ ਤਲਵੰਡੀ ਸਾਬੋ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ 13 ਅਪ੍ਰੈਲ ਵਿਸਾਖੀ ਵਾਲੇ ਦਿਨ ਬਹੁਤ ਭਾਰੀ ਮੇਲਾ ਲੱਗਦਾ ਹੈ ਜਿੱਥੇ ਲੱਖਾਂ ਹਿੰਦੂ ਸਿੱਖ ਸ਼ਰਧਾਲੂ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਆਉਂਦੇ ਹਨ, ਇਸ ਤੋਂ ਇਲਾਵਾ ਮੌੜ ਮੰਡੀ 10 ਕਿ.ਮੀ. ਦੂਰ ਪਿੰਡ ਮਾਇਸਰਖਾਨਾ ਵਿਖੇ ਮਾਤਾ ਦੁਰਗਾ ਭਗਵਤੀ ਦਾ ਪ੍ਰਸਿੱਧ ਮੰਦਿਰ ਹੈ, ਜਿੱਥੇ ਹਰ ਸ਼ਟ (ਅੱਸੂ ਦੇ ਮਹੀਨੇ) ਭਾਰੀ ਮੇਲਾ ਲੱਗਦਾ ਹੈ, ਜਿੱਥੇ ਲੱਖਾਂ ਸ਼ਰਧਾਲੂ ਪਹੁੰਚਦੇ ਹਨ। ਇਸ ਮੰਡੀ ਨਾਲ ਲੱਗਭੱਗ 30-35 ਪਿੰਡ ਲੱਗਦੇ ਹਨ, ਇਸ ਦੇ ਬਾਵਜੂਦ ਵੀ ਇਹ ਮੰਡੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵਿੱਚ ਘਿਰੀ ਹੋਈ ਹੈ। ਮੌੜ ਮੰਡੀ ਵਿੱਚ ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਦੇ ਰਾਜ ਵਿੱਚ ਹਲਕਾ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ ਨੇ ਪਿੰਡਾਂ ਵਿੱਚ ਕਿਸਾਨਾਂ ਨੂੰ ਨਹਿਰੀ ਪਾਣੀ ਮੁਹੱਈਆ ਕਰਵਾਇਆ, ਪਿੰਡਾਂ ਵਿੱਚ 24 ਘੰਟੇ ਬਿਜਲੀ ਦੀ ਸਪਲਾਈ ਕਰਵਾਈ। ਸ਼ਹਿਰ ਦੇ ਵਿਕਾਸ ਲਈ ਲੱਗਭੱਗ ਤਿੰਨ ਕਰੋੜ ਰੁਪਏ ਖਰਚ ਕੀਤੇ ਗਏ ਜਿਸ ਨਾਲ ਸ਼ਹਿਰ ਦੇ ਵਿਕਾਸ ਸਬੰਧੀ ਕੰਮ ਜੰਗੀ ਪੱਧਰ 'ਤੇ ਕੀਤੇ ਗਏ। ਲੋਕਾਂ ਨੇ ਉਹਨਾਂ ਦੇ ਕੰਮ ਅਤੇ ਮਿਹਨਤ ਨੂੰ ਦੇਖਦੇ ਹੋਏ 2007 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਤੀਜੀ ਵਾਰ ਹਲਕੇ ਤੋਂ ਜਿਤਾਇਆ। ਅਕਾਲੀ-ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਇਸ ਮੰਡੀ ਵਿੱਚ ਵਿਕਾਸ ਕੰਮ ਜੰਗੀ ਪੱਧਰ 'ਤੇ ਕੀਤੇ ਜਾ ਰਹੇ ਹਨ, ਜਗਦੀਪ ਸਿੰਘ ਨਕੱਈ ਦੀ ਅਗਵਾਈ ਹੇਠ ਪਿੰਡਾਂ ਵਿੱਚ ਆਰ.ਓ. ਸਿਸਟਮ ਲਗਾ ਕੇ ਪੀਣ ਲਈ ਸ਼ੁੱਧ ਪਾਣੀ ਸਪਲਾਈ ਕੀਤਾ ਗਿਆ। ਇਸ ਤੋਂ ਇਲਾਵਾ ਇਨ੍ਹਾਂ ਦੁਆਰਾ ਪਿੰਡਾਂ ਦੇ ਵਿਕਾਸ ਲਈ ਲੱਖਾਂ ਰੁਪਏ ਦੇ ਚੈੱਕ ਵੰਡੇ ਗਏ ਹਨ। ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਮੁੱਖ ਪਾਰਲੀਮਾਨੀ ਸਕੱਤਰ ਪੰਜਾਬ ਜਗਦੀਪ ਸਿੰਘ ਨਕੱਈ 24 ਕਰੋੜ ਦੇ ਸਿਵਰ ਬੋਰਡ ਪੰਜਾਬ ਵੱਲੋਂ ਕੰਮ ਸ਼ੁਰੂ ਕੀਤੇ ਗਏ ਹਨ, ਜਿਵੇਂ ਕਿ ਵਾਟਰ ਵਰਕਸ ਦੀਆਂ ਪਾਈਪਾਂ ਅਤੇ ਬਾਕੀ ਵਾਰਡਾਂ ਵਿੱਚ ਸੀਵਰ ਲਾਈਨ ਪਾਈ ਜਾ ਰਹੀ ਹੈ ਅਤੇ ਨਗਰ ਕੌਂਸਲ ਦੇ ਪ੍ਰਧਾਨ ਸੁਖਚੈਨ ਸਿੰਘ ਸਿੱਧੂ ਨੂੰ ਪੰਜਾਬ ਸਰਕਾਰ ਵੱਲੋਂ ਦੋ ਕਰੋੜ ਰੁਪਏ ਦੇ ਚੈੱਕ ਦਿੱਤੇ ਜੋ ਪਾਰਟੀ ਬਾਜ਼ੀ ਤੋਂ ਉੱਪਰ ਉੱਠ ਕੇ ਹਰ ਵਾਰਡ ਵਿੱਚ ਵਿਕਾਸ ਸਬੰਧੀ ਕੰਮ ਜੰਗੀ ਪੱਧਰ 'ਤੇ ਸ਼ੁਰੂ ਕੀਤਾ ਗਿਆ। ਇਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਮੰਗ ਕੀਤੀ ਹੈ ਕਿ ਨਗਰ ਕੌਂਸਲ ਮੌੜ ਨੂੰ ਹੋਰ ਗਰਾਂਟ ਦਿੱਤੀ ਜਾਵੇ ਤਾਂ ਜੋ ਮੰਡੀ ਦੇ ਅਧੂਰੇ ਪਏ ਕੰਮ ਪੂਰੇ ਕੀਤੇ ਜਾਣ ਅਤੇ ਇਸ ਨੂੰ ਇੱਕ ਸੁੰਦਰ ਸ਼ਹਿਰ ਬਣਾਇਆ ਜਾਵੇ। ਇਸ ਤੋਂ ਬਿਨਾਂ ਸੁਖਬੀਰ ਸਿੰਘ ਬਾਦਲ ਨੇ ਮੌੜ ਦੀ ਮੁੱਖ ਮੰਗ ਨੂੰ ਦੇਖਦਿਆਂ ਪਿਛਲੇ ਤਿੰਨ ਸਾਲਾਂ ਤੋਂ ਬੰਦ ਪਿਆ ਕਾਲਜ ਨੂੰ ਪੰਜਾਬੀ ਯੂਨੀਵਰਸਿਟੀ ਨਾਲ ਜੋੜਿਆ ਅਤੇ ਉੱਚ ਪੱਧਰੀ ਵਿੱਦਿਆ ਦਾ ਪ੍ਰਬੰਧ ਕੀਤਾ ਗਿਆ, ਪ੍ਰੰਤੂ ਅਜੇ ਵੀ ਮੌੜ ਮੰਡੀ ਦੀਆਂ ਕੁਝ ਅਜਿਹੀਆਂ ਸਮੱਸਿਆਵਾਂ ਹਨ, ਜਿਵੇਂ ਕਿ ਮੌੜ ਮੰਡੀ ਵਿੱਚ ਤਿੰਨ ਸਪੀਨਿੰਗ ਮਿੱਲਾਂ, 40 ਕਾਟਨ ਫੈਕਟਰੀਆਂ ਹਨ ਅਤੇ ਇੱਥੇ ਨਰਮੇ ਦੀ ਫ਼ਸਲ ਬਹੁਤ ਭਾਰੀ ਮਾਤਰਾ ਵਿੱਚ ਹੁੰਦੀ ਹੈ, ਇੰਨਾਂ ਕੁਝ ਹੋਣ ਦੇ ਬਾਵਜੂਦ ਵੀ ਮੰਡੀ ਵਿੱਚ ਫਾਇਰ ਬ੍ਰਿਗੇਡ ਦਾ ਕੋਈ ਇੰਤਜ਼ਾਮ ਨਹੀਂ ਹੈ, ਜਿਸ ਕਾਰਨ ਮੌੜ ਮੰਡੀ ਵਿੱਚ ਕਈ ਵਾਰ ਅੱਗ ਲੱਗਣ ਨਾਲ ਭਾਰੀ ਨੁਕਸਾਨ ਹੋ ਚੁੱਕਿਆ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਚੋਣਾਂ ਸਮੇਂ ਫਾਇਰ ਬ੍ਰਿਗੇਡ ਲਿਆਉਣ ਲਈ ਕਿਹਾ ਸੀ, ਪ੍ਰੰਤੂ ਅਜੇ ਤੱਕ ਨਹੀਂ ਆਈ। ਲੋਕਾਂ ਦੀ ਮੰਗ ਹੈ ਕਿ ਜਲਦੀ ਤੋਂ ਜਲਦੀ ਫਾਇਰ ਬ੍ਰਿਗੇਡ ਦਾ ਪ੍ਰਬੰਧ ਕੀਤਾ ਜਾਵੇ। ਇਹ ਮੌੜ ਮੰਡੀ ਫਿਰੋਜ਼ਪੁਰ, ਦਿੱਲੀ ਦੀ ਮੇਨ ਲਾਈਨ 'ਤੇ ਹੈ, ਪਰ ਇੱਥੇ ਪੰਜਾਬ ਦੇ ਮੇਲੇ ਦੀਆਂ ਸਿਰਫ਼ ਦੋ ਸੀਟਾਂ ਰਿਜ਼ਰਵ ਹਨ, ਉਹ ਵੀ ਕੁੱਝ ਸਮੇਂ ਤੋਂ ਬੰਦ ਹਨ, ਲੋਕ ਇਸ ਸਬੰਧੀ ਕਈ ਵਾਰ ਬੀਬੀ ਹਰਸਿਮਰਤ ਕੌਰ ਬਾਦਲ ਨੂੰ ਮਿਲੇ ਸਨ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਜਲਦੀ ਤੋਂ ਜਲਦੀ ਹੱਲ ਹੋ ਜਾਵੇਗਾ। ਲੋਕਾਂ ਦੀ ਇਹ ਹੀ ਮੰਗ ਹੈ ਕਿ ਮੰਡੀ ਸਮੱਸਿਆਵਾਂ ਨੂੰ

ਸ਼ਾਮ ਲਾਲ ਜੋਧਪੁਰੀਆ
ਪ੍ਰਤੀਨਿੱਧ, ਮੌੜ ਮੰਡੀ
ਮੋਬਾ. 94170-94885

ਸੰਦੇਸ਼

ਮੈਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਈ ਹੈ ਕਿ 'ਅੱਜ ਦੀ ਆਵਾਜ਼' ਦੇ ਮਿਹਨਤੀ ਅਤੇ ਅਣਥੱਕ ਵਿਸ਼ੇਸ਼ ਪ੍ਰਤੀਨਿਧੀ ਸ੍ਰੀ ਸ਼ਾਮ ਲਾਲ ਜੋਧਪੁਰੀਆ ਵੱਲੋਂ ਮੌੜ ਮੰਡੀ ਦਾ ਵਿਸ਼ੇਸ਼ ਸਪਲੀਮੈਂਟ ਕੱਢਿਆ ਜਾ ਰਿਹਾ ਹੈ। ਮੈਂ ਸਪਲੀਮੈਂਟ ਕੱਢਣ 'ਤੇ ਲੱਖ ਲੱਖ ਵਧਾਈ ਦਿੰਦੀ ਹਾਂ।

- ਬੀਬੀ ਹਰਸਿਮਰਤ ਕੌਰ ਬਾਦਲ,
ਐਮ.ਪੀ. ਹਲਕਾ ਬਠਿੰਡਾ

ਸੰਦੇਸ਼

ਮੈਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਈ ਹੈ ਕਿ ਅੱਜ ਦੀ ਆਵਾਜ਼ ਦੇ ਮਿਹਨਤੀ ਅਤੇ ਅਣਥੱਕ ਵਿਸ਼ੇਸ਼ ਪ੍ਰਤੀਨਿਧੀ ਸ੍ਰੀ ਸ਼ਾਮ ਲਾਲ ਜੋਧਪੁਰੀਆ ਵੱਲੋਂ ਮੌੜ ਮੰਡੀ ਦਾ ਵਿਸ਼ੇਸ਼ ਸਪਲੀਮੈਂਟ ਕੱਢਿਆ ਜਾ ਰਿਹਾ ਹੈ। ਮੈਂ ਸਪਲੀਮੈਂਟ ਕੱਢਣ 'ਤੇ ਲੱਖ ਲੱਖ ਵਧਾਈ ਦਿੰਦਾ ਹਾਂ।

ਸ੍ਰੀ ਜੀਤ ਮਹਿੰਦਰ ਸਿੰਘ ਸਿੱਧੂ,
ਐਮ. ਐਲ. ਏ. ਵਿਧਾਨ ਸਭਾ ਹਲਕਾ ਤਲਵੰਡੀ ਸਾਬੋ

ਸੰਦੇਸ਼

ਮੈਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਈ ਹੈ ਕਿ ਅੱਜ ਦੀ ਆਵਾਜ਼ ਦੇ ਮਿਹਨਤੀ ਅਤੇ ਅਣਥੱਕ ਵਿਸ਼ੇਸ਼ ਪ੍ਰਤੀਨਿਧੀ ਸ੍ਰੀ ਸ਼ਾਮ ਲਾਲ ਜੋਧਪੁਰੀਆ ਵੱਲੋਂ ਮੌੜ ਮੰਡੀ ਦਾ ਵਿਸ਼ੇਸ਼ ਸਪਲੀਮੈਂਟ ਕੱਢਿਆ ਜਾ ਰਿਹਾ ਹੈ। ਮੈਂ ਸਪਲੀਮੈਂਟ ਕੱਢਣ 'ਤੇ ਲੱਖ ਲੱਖ ਵਧਾਈ ਦਿੰਦਾ ਹਾਂ।

ਸ੍ਰੀ ਸੁਖਚੈਨ ਸਿੰਘ ਸਿੱਧੂ,
ਪ੍ਰਧਾਨ ਨਗਰ ਕੌਂਸਲ, ਮੌੜ ਮੰਡੀ

ਸੰਦੇਸ਼

ਮੈਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਈ ਹੈ ਕਿ ਅੱਜ ਦੀ ਆਵਾਜ਼ ਦੇ ਮਿਹਨਤੀ ਅਤੇ ਅਣਥੱਕ ਵਿਸ਼ੇਸ਼ ਪ੍ਰਤੀਨਿਧੀ ਸ੍ਰੀ ਸ਼ਾਮ ਲਾਲ ਜੋਧਪੁਰੀਆ ਵੱਲੋਂ ਮੌੜ ਮੰਡੀ ਦਾ ਵਿਸ਼ੇਸ਼ ਸਪਲੀਮੈਂਟ ਕੱਢਿਆ ਜਾ ਰਿਹਾ ਹੈ। ਮੈਂ ਸਪਲੀਮੈਂਟ ਕੱਢਣ 'ਤੇ ਲੱਖ ਲੱਖ ਵਧਾਈ ਦਿੰਦਾ ਹਾਂ।

ਸ੍ਰੀ ਗੁਰਤੇਜ ਸਿੰਘ, ਮਾਨਸਾਹੀਆ,
ਨਾਇਬ ਤਹਿਸੀਲਦਾਰ, ਮੌੜ

ਸੰਦੇਸ਼



ਮੈਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਈ ਹੈ ਕਿ ਅੱਜ ਦੀ ਆਵਾਜ਼ ਦੇ ਮਿਹਨਤੀ ਅਤੇ ਅਣਥੱਕ ਵਿਸ਼ੇਸ਼ ਪ੍ਰਤੀਨਿਧੀ ਸ੍ਰੀ ਸ਼ਾਮ ਲਾਲ ਜੋਧਪੁਰੀਆ ਵੱਲੋਂ ਮੌੜ ਮੰਡੀ ਦਾ ਵਿਸ਼ੇਸ਼ ਸਪਲੀਮੈਂਟ ਕੱਢਿਆ ਜਾ ਰਿਹਾ ਹੈ। ਮੈਂ ਸਪਲੀਮੈਂਟ ਕੱਢਣ 'ਤੇ ਲੱਖ ਲੱਖ ਵਧਾਈ ਦਿੰਦਾ ਹਾਂ।

ਸ੍ਰੀ ਸਤੀਸ਼ ਕੁਮਾਰ
ਮੁੱਖ ਥਾਣਾ ਅਫ਼ਸਰ

ਸੰਦੇਸ਼

ਮੈਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਈ ਹੈ ਕਿ ਅੱਜ ਦੀ ਆਵਾਜ਼ ਦੇ ਮਿਹਨਤੀ ਅਤੇ ਅਣਥੱਕ ਵਿਸ਼ੇਸ਼ ਪ੍ਰਤੀਨਿਧੀ ਸ੍ਰੀ ਸ਼ਾਮ ਲਾਲ ਜੋਧਪੁਰੀਆ ਵੱਲੋਂ ਮੌੜ ਮੰਡੀ ਦਾ ਵਿਸ਼ੇਸ਼ ਸਪਲੀਮੈਂਟ ਕੱਢਿਆ ਜਾ ਰਿਹਾ ਹੈ। ਮੈਂ ਸਪਲੀਮੈਂਟ ਕੱਢਣ 'ਤੇ ਲੱਖ ਲੱਖ ਵਧਾਈ ਦਿੰਦਾ ਹਾਂ।

- ਸ. ਦਵਿੰਦਰ ਸਿੰਘ
ਨੰਬਰਦਾਰ

ਸੰਦੇਸ਼

ਮੈਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਈ ਹੈ ਕਿ ਅੱਜ ਦੀ ਆਵਾਜ਼ ਦੇ ਮਿਹਨਤੀ ਅਤੇ ਅਣਥੱਕ ਵਿਸ਼ੇਸ਼ ਪ੍ਰਤੀਨਿਧੀ ਸ੍ਰੀ ਸ਼ਾਮ ਲਾਲ ਜੋਧਪੁਰੀਆ ਵੱਲੋਂ ਮੌੜ ਮੰਡੀ ਦਾ ਵਿਸ਼ੇਸ਼ ਸਪਲੀਮੈਂਟ ਕੱਢਿਆ ਜਾ ਰਿਹਾ ਹੈ। ਮੈਂ ਸਪਲੀਮੈਂਟ ਕੱਢਣ 'ਤੇ ਲੱਖ ਲੱਖ ਵਧਾਈ ਦਿੰਦਾ ਹਾਂ।

ਸ੍ਰੀ ਰਾਜੇਸ਼ ਜੈਨ,
ਸਾਬਕਾ ਪ੍ਰਧਾਨ ਨਗਰ ਕੌਂਸਲ,
ਮੌੜ ਮੰਡੀ

ਮੌੜ ਮੰਡੀ ਦਾ ਵਿਸ਼ੇਸ਼ ਸਪਲੀਮੈਂਟ ਕੱਢੇ ਜਾਣ 'ਤੇ ਸ਼ਾਮ ਲਾਲ ਜੋਧਪੁਰੀਆ ਸਟਾਫ਼ ਰਿਪੋਰਟਰ ਨੂੰ ਲੱਖ-ਲੱਖ ਵਧਾਈ।

ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ, ਪੰਜਾਬ | ਸ. ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ, ਪੰਜਾਬ | ਬੀਬੀ ਹਰਸਿਮਰਤ ਕੌਰ ਬਾਦਲ ਐਮ.ਪੀ. ਲੋਕ ਸਭਾ ਬਠਿੰਡਾ | ਸ੍ਰੀ ਜਗਦੀਪ ਸਿੰਘ ਨਕਈ ਪਾਰਲੀਮਾਨੀ ਸਕੱਤਰ, ਪੰਜਾਬ

ਵੱਲੋਂ

ਸ. ਜਗਸੀਰ ਸਿੰਘ ਬੁਰਜ ਸੀਨੀਅਰ ਅਕਾਲੀ ਆਗੂ

ਸ. ਜਗਸੀਰ ਸਿੰਘ ਬੁਰਜ
ਪ੍ਰਧਾਨ ਯੂਥ ਰੂਰਲ ਐਸੋਸੀਏਸ਼ਨ ਬਲਾਕ ਮੌੜ ਮੰਡੀ, ਜ਼ਿਲ੍ਹਾ ਬਠਿੰਡਾ

ਓਮ ਪ੍ਰਕਾਸ਼ ਬਚਨੀ ਦੇਵੀ ਸਰਵਹਿੱਤਕਾਰੀ ਵਿੱਦਿਆ ਮੰਦਰ ਮੌੜ। ਮੰਡੀ ਇਹ ਸਿੱਖਿਆ ਸੰਸਥਾ ਸਰਵਹਿੱਤਕਾਰੀ ਸਿੱਖਿਆ ਸੰਮਤੀ ਚੰਡੀਗੜ੍ਹ ਵੱਲੋਂ ਸ਼ੁਰੂ ਕੀਤੀ ਗਈ ਹੈ। ਇਹ ਸਕੂਲ ਪਿਛਲੇ 10 ਸਾਲਾਂ ਤੋਂ ਚੱਲ ਰਿਹਾ ਹੈ। ਇਸ ਸਕੂਲ ਦੇ ਪਿਛਲੇ ਸ਼ੈਸ਼ਨ ਵਿੱਚ 10ਵੀਂ ਦੇ ਤਿੰਨ ਵਿਦਿਆਰਥੀ ਮੈਰਿਟ ਲਿਸਟ ਵਿੱਚ ਆਏ ਸਨ। ਇਸ ਤੋਂ ਇਲਾਵਾ ਇੱਕ ਵਿਦਿਆਰਥੀ ਨੇ ਰਾਸ਼ਟਰੀ ਪੱਧਰ ਦੀਆਂ ਖੇਡਾਂ ਵਿੱਚ ਹਿੱਸਾ ਲਿਆ ਤੇ ਉਹ ਪੰਜ ਰਾਜਾਂ ਵਿੱਚੋਂ ਪਹਿਲੇ ਨੰਬਰ 'ਤੇ ਰਿਹਾ। ਇਸ ਸਕੂਲ ਵਿੱਚ ਖੇਡਾਂ ਲਈ ਸਟੇਡੀਅਮ ਦਾ ਵਿਸ਼ੇਸ਼ ਪ੍ਰਬੰਧ ਹੈ ਅਤੇ ਬੱਚਿਆਂ ਨੂੰ ਕੰਪਿਊਟਰ ਲੈਬ ਅਤੇ ਸਾਇੰਸ ਲੈਬ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

-:ਵੱਲੋਂ:-

ਓਮ ਪ੍ਰਕਾਸ਼ ਬਚਨੀ ਦੇਵੀ
ਸਰਵਹਿੱਤਕਾਰੀ ਵਿੱਦਿਆ ਮੰਦਰ ਨਜ਼ਦੀਕ ਟਿੱਲਾ ਮੌੜ ਮੰਡੀ।
ਫੋਨ ਨੰ. 01655-232333

ਦਫ਼ਤਰ ਨਗਰ ਕੌਂਸਲ, ਮੌੜ ਜ਼ਿਲ੍ਹਾ (ਬਠਿੰਡਾ)

ਹੱਦਬੰਦੀ

ਮਨਿਆਦੀ/ਨੋਟਿਸ

ਹਰ ਆਮ ਵਾ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਗਰ ਕੌਂਸਲ, ਮੌੜ ਨੇ ਆਪਣੇ ਮਤਾ ਨੰ. 84 ਮਿਤੀ 26-11-09 ਰਾਹੀਂ ਆਪਣੀਆਂ ਹੱਦਾ ਵਧਾਉਣ ਲਈ ਪਾਸ ਕੀਤਾ ਹੈ। ਪੂਰਵ ਦਿਸ਼ਾ (ਚੜ੍ਹਦੇ ਪਾਸੇ ਵੱਲ) ਮੌੜ ਕਲਾਂ ਵੱਲ ਖਸਰਾ ਨੰ. 154/½, 141 /22,141 / 18,141/14,141 /6,141/5,121/25,121/16,121/15,12 1/6,121/5,108/25,108/16, 108/15, 108/6, 108/5, 108/4, 108/3, 108/2, 108/1, 107/5, 107/4, 107/ 3, 107/2,107½, 107/ 1/1,106/ 5/ 2, 106/5 / 1,106 / 4 / ਅਤੇ 106/3, ਦੇ ਬਾਹਰੀ ਭਾਗ ਤੱਕ ਆਪਣੀਆਂ ਮੌਜੂਦਾ ਹੱਦਾਂ ਤੱਕ ਵਧਾਉਣਾ ਚਾਹੁੰਦੀ ਹੈ। ਇਸ ਦੇ ਅੰਦਰਲੇ ਰਕਬੇ ਨੂੰ ਨਗਰ ਕੌਂਸਲ ਆਪਣੀਆਂ ਹੱਦਾਂ ਵਿੱਚ ਲੈਣ ਬਾਰੇ ਜੇਕਰ ਕਿਸੇ ਨੂੰ ਕੋਈ ਇਤਰਾਜ ਜਾਂ ਸੁਝਾਓ ਦੇਣਾ ਹੋਵੇ ਤਾਂ ਉਹ ਲਿਖਤੀ ਤੌਰ 'ਤੇ ਨਗਰ ਕੌਂਸਲ ਮੌੜ ਦੇ ਦਫ਼ਤਰ ਵਿੱਚ ਇਸ ਨੋਟਿਸ/ਇਸ਼ਤਿਹਾਰ ਤੋਂ 30 ਦਿਨ ਦੇ ਅੰਦਰ ਅੰਦਰ ਦੇ ਸਕਦੇ ਹਨ। ਮਿਆਦ ਖ਼ਤਮ ਹੋਣ ਤੋਂ ਬਾਅਦ ਕਿਸੇ ਬੀ ਇਤਰਾਜ ਜਾਂ ਸੁਝਾਅ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਸਹੀ/-
ਕਾਰਜ ਸਾਧਕ ਆਫਸਰ,
ਨਗਰ ਕੌਂਸਲ ਮੌੜ।

ਮੌੜ ਮੰਡੀ ਦਾ ਵਿਸ਼ੇਸ਼ ਸਪਲੀਮੈਂਟ ਕੱਢੇ ਜਾਣ 'ਤੇ ਸ਼ਾਮ ਲਾਲ ਜੋਧਪੁਰੀਆ ਸਟਾਫ਼ ਰਿਪੋਰਟਰ ਨੂੰ ਲੱਖ-ਲੱਖ ਵਧਾਈ।

ਵੱਲੋਂ:-

ਸ੍ਰੀ ਗਨਪਤੀ ਟਰੇਡਰਜ਼
ਫੈਕਟਰੀ ਰੋਡ ਮੌੜ ਮੰਡੀ ਜ਼ਿਲ੍ਹਾ ਬਠਿੰਡਾ
ਫੋਨ ਨੰ. 01655-230449

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਦੇ ਮੌਕੇ 'ਤੇ ਲੱਖ-ਲੱਖ ਵਧਾਈ।

-:ਵੱਲੋਂ:-

ਪ੍ਰਤਾਪ ਸਪਿੰਨਟੈਕਸ ਲਿਮ:

ਸ੍ਰੀ ਕ੍ਰਿਸ਼ਨ ਕੁਮਾਰ ਤਾਈਲ

ਕੋਟਲੀ ਰੋਡ ਮੌੜ ਮੰਡੀ ਜ਼ਿਲ੍ਹਾ ਬਠਿੰਡਾ

ਮੌੜ ਮੰਡੀ ਦਾ ਵਿਸ਼ੇਸ਼ ਸਪਲੀਮੈਂਟ ਕੱਢੇ ਜਾਣ 'ਤੇ ਸ਼ਾਮ ਲਾਲ ਜੋਧਪੁਰੀਆ ਨੂੰ ਲੱਖ-ਲੱਖ ਵਧਾਈ।

-:ਵੱਲੋਂ:-

ਗੁਰਪ੍ਰੀਤ ਸਿੰਘ ਬੁਰਜ
ਚੇਅਰਮੈਨ ਬਲਾਕ ਐਸੋਸੀਏਸ਼ਨ ਮੌੜ ਮੰਡੀ, ਪਿੰਡ ਬੁਰਜ ਜ਼ਿਲ੍ਹਾ ਬਠਿੰਡਾ

ਮੌੜ ਮੰਡੀ ਦਾ ਵਿਸ਼ੇਸ਼ ਸਪਲੀਮੈਂਟ ਕੱਢੇ ਜਾਣ 'ਤੇ ਸ਼ਾਮ ਲਾਲ ਜੋਧਪੁਰੀਆ ਨੂੰ ਲੱਖ-ਲੱਖ ਵਧਾਈ।

-:ਵੱਲੋਂ:-

ਦਸਮੇਸ਼ ਐਗਰੀਕਲਚਰ ਇੰਡਸਟਰੀਜ਼,
ਬਠਿੰਡਾ ਰੋਡ ਰਾਮਪੁਰਾ ਫੂਲ
ਮੋਬਾ. 98724-78282, 94643-94545

ਮੌੜ ਮੰਡੀ ਦਾ ਵਿਸ਼ੇਸ਼ ਸਪਲੀਮੈਂਟ ਕੱਢੇ ਜਾਣ 'ਤੇ ਸ਼ਾਮ ਲਾਲ ਜੋਧਪੁਰੀਆ ਨੂੰ ਲੱਖ-ਲੱਖ ਵਧਾਈ।

ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ, ਪੰਜਾਬ | ਸ. ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ, ਪੰਜਾਬ | ਬੀਬੀ ਹਰਸਿਮਰਤ ਕੌਰ ਬਾਦਲ ਐਮ.ਪੀ. ਲੋਕ ਸਭਾ, ਬਠਿੰਡਾ | ਸ. ਜਸਪਾਲ ਸਿੰਘ ਖਾਨਾ ਸੀਨੀਅਰ ਅਕਾਲੀ ਆਗੂ

ਸ. ਗੁਰਚਰਨ ਸਿੰਘ ਠੇਕੇਦਾਰ, ਮੌੜ | ਸ੍ਰੀ ਪਵਨ ਕੁਮਾਰ ਠੇਕੇਦਾਰ, ਮੌੜ | ਸ. ਨਿਰਮਲ ਸਿੰਘ ਭੋਲਾ ਠੇਕੇਦਾਰ, ਮੌੜ | ਜਲੰਧਰ ਸਿੰਘ (ਮੱਖਣ)

ਵੱਲੋਂ:- ਗੁਰਚਰਨ ਸਿੰਘ ਠੇਕੇਦਾਰ, ਭੋਲਾ ਸਿੰਘ ਠੇਕੇਦਾਰ, ਮੌੜ ਮੰਡੀ

ਮੌੜ ਮੰਡੀ ਦਾ ਵਿਸ਼ੇਸ਼ ਸਪਲੀਮੈਂਟ ਕੱਢੇ ਜਾਣ 'ਤੇ ਸ਼ਾਮ ਲਾਲ ਜੋਧਪੁਰੀਆ ਨੂੰ ਲੱਖ-ਲੱਖ ਵਧਾਈ।

-:ਵੱਲੋਂ:-

ਕੁਲਦੀਪ ਕੁਮਾਰ
ਉੱਘੇ ਸਮਾਜ ਸੇਵਕ,
ਬਠਿੰਡਾ

ਘਰ ਦੀ ਰੌਣਕ

ਵਿਨੂ ਜੋਧਪੁਰੀਆ | ਮਾਂਨਸ਼ੂ ਬਾਂਸਲ | ਜਤਿਨ ਗਰਗ | ਅਰਮਾਨ ਬਾਂਸਲ | ਜਸਜੋਤ ਸਿੰਘ | ਅਰਸ਼ਦੀਪ ਸਿੰਘ ਮੌੜ ਮੰਡੀ

ਧੰਨਵਾਦ

ਮੈਂ ਉਨ੍ਹਾਂ ਸਾਰੇ ਸੱਜਣਾਂ, ਮਿੱਤਰਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਇਹ ਸਪਲੀਮੈਂਟ ਕੱਢਣ ਵਿੱਚ ਸਹਿਯੋਗ ਦਿੱਤਾ ਅਤੇ ਆਸ ਕਰਦਾ ਹਾਂ ਕਿ ਅੱਗੇ ਤੋਂ ਵੀ ਮੈਨੂੰ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹੋਗੇ।

-ਸ਼ਾਮ ਲਾਲ ਜੋਧਪੁਰੀਆ
ਪ੍ਰਤੀਨਿੱਧ ਮੌੜ ਮੰਡੀ,
ਮੋਬਾ. 94170-94885

ਪੱਤਰਕਾਰ/ਸਹਿਯੋਗੀ ਸੱਜਣ

ਰਾਧੇ ਸ਼ਾਮ ਜੈਨ ਪੱਤਰਕਾਰ | ਰਣਜੀਤ ਸਿੰਘ ਰਾਜੂ ਪੱਤਰਕਾਰ | ਵਿਜੈ ਕੁਮਾਰ ਗੋਇਲ ਐਮ.ਸੀ. | ਗੁਰਜੀਤ ਸਿੰਘ ਕਮਾਲੂ ਪੱਤਰਕਾਰ | ਰਮੇਸ਼ ਕੁਮਾਰ | ਸੁਖਵੀਰ ਸਿੰਘ ਹੌਲਦਾਰ

ਕਰਨੈਲ ਸਿੰਘ ਜ਼ਿਲ੍ਹਾ ਯੋਜਨਾ ਮੈਂਬਰ | ਚੌ. ਮਹਿੰਗਾ ਰਾਮ | ਨਿਰਮਲ ਸਿੱਧੂ ਪੱਤਰਕਾਰ | ਪ੍ਰਕਾਸ਼ ਕੁਮਾਰ ਪੱਤਰਕਾਰ | ਗੁਰਮੀਤ ਸਿੰਘ ਉੱਘੇ ਸਮਾਜ ਸੇਵਕ | ਭੁਪਿੰਦਰ ਪਾਲ ਕਾਂਸਲ

ਜੀਵਨ ਸਿੰਗਲਾ | ਰਜਿੰਦਰ ਕਾਂਸਲ ਪੱਤਰਕਾਰ ਰਾਮਾ ਮੰਡੀ | ਸ੍ਰੀ ਸਾਧੂ ਰਾਮ | ਜਗਰੂਪ ਸਿੰਘ ਜੇਈ ਪੰ.ਰਾ.ਬਿ.ਬੋ. | ਗੁਰਮੀਤ ਭੁੱਲਰ ਪੱਤਰਕਾਰ | ਹਰਦੀਪ ਸਿੰਘ ਮਾਨ (ਲੇਖਕ)

ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਕੱਢਿਆ

ਮੌੜ ਮੰਡੀ, 5 ਦਸੰਬਰ (ਸ਼ਾਮ ਲਾਲ ਜੋਧਪੁਰੀਆ)-ਖ਼ਾਲਸਾ ਦੀਵਾਨ ਗੁਰਦੁਆਰਾ ਸਾਹਿਬ ਮੌੜ ਮੰਡੀ ਵੱਲੋਂ ਦੱਸਵੇਂ ਸਿੱਖ ਗੁਰੂ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 344ਵੇਂ ਆਗਮਨ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਅਤੇ ਜੁੱਗੋ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਛਤਰ ਛਾਇਆ ਹੇਠ ਅਥਾਹ ਸ਼ਰਧਾ ਅਤੇ ਉਤਸ਼ਹ ਸਹਿਤ ਸਜਾਇਆ ਗਿਆ। ਸੁਨਹਿਰੀ ਪਾਲਕੀ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਜਾਇਆ ਗਿਆ। ਇਹ ਨਗਰ ਕੀਰਤਨ ਮੇਨ ਬਾਜ਼ਾਰ ਤੋਂ ਹੁੰਦਾ ਹੋਇਆ ਹਸਪਤਾਲ ਰੋਡ, ਦਸ਼ਮੇਸ਼ ਨਗਰ, ਪਿੰਡ ਮੌੜ ਕਲਾਂ ਗੁਰਦੁਆਰਾ ਸਾਹਿਬ ਵਿਖੇ ਪਹੁੰਚਿਆ। ਇਸ ਮੌਕੇ 'ਤੇ ਖ਼ਾਲਸਾ ਦੀਵਾਨ ਗੁਰਦੁਆਰਾ ਸਾਹਿਬ ਦੇ ਪ੍ਰਧਨ ਸੰਤ ਮਿੱਠਾ ਸਿੰਘ ਜੀ ਨੇ ਕਿਹਾ ਕਿ ਅੱਜ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਹੋ ਕੇ ਗੁਰੂ ਮਹਾਰਾਜ ਜੀ ਦੇ ਦੱਸੇ ਹੋਏ ਰਸਤੇ 'ਤੇ ਚੱਲਣਾ ਚਾਹੀਦਾ ਹੈ ਤੇ ਵੱਧ ਚੜ੍ਹ ਦੇ ਗੁਰੂ ਘਰ ਦੀ ਸੇਵਾ ਕਰਨੀ ਚਾਹੀਦੀ ਹੈ ਤੇ ਧਾਰਮਿਕ ਕੇਸਾਂ ਵਿੱਚ ਹੱਥ ਪਾਉਣਾ ਚਾਹੀਦਾ ਹੈ। ਇਸ ਮੌਕੇ 'ਤੇ ਰਾਗੀ ਢਾਡੀ ਜਸਵਿੰਦਰ ਸਿੰਘ ਨੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ 'ਤੇ ਫੌਜੀ ਬੈਂਡ ਬਾਜਾ ਪਾਰਟੀ ਨੇ ਆਪਣੇ ਜੌਹਰ ਦਿਖਾਏ, ਅਤੇ ਸ਼ਹਿਰ ਨਿਵਾਸੀਆਂ ਵੱਲੋਂ ਪਟਾਕੇ ਚਲਾਏ ਗਏ। ਗੁਰਦੁਆਰਾ ਸਾਹਿਬ ਵਿੱਚ ਦੀਪਮਾਲਾ ਕੀਤੀ ਗਈ ਅਤੇ ਸੰਗਤਾਂ ਲਈ ਥਾਂ-ਥਾਂ ਤੇ ਚਾਹ ਪਕੌੜਿਆਂ ਦੇ ਲੰਗਰ ਲਗਾਏ ਗਏ। ਇਸ ਮੌਕੇ ਤੇ ਬੀਬੀ ਅਮਰਜੀਤ ਕੌਰ, ਕੁਲਵੰਤ ਕੌਰ, ਰਾਮ ਸਿੰਘ ਸਕੱਤਰ, ਹਰਦੀਪ ਸਿੰਘ ਲੈਕਚਰਾਰ, ਹਰਬੰਸ ਸਿੰਘ ਨੰਬਰਦਾਰ, ਭਾਈ ਸ਼ਾਮ ਸਿੰਘ, ਦਰਸ਼ਨ ਸਿੰਘ ਰੋਮਾਣਾ, ਬਲਵੀਰ ਸਿੰਘ ਕੋਚਰ ਵੱਡੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਸਨ। ਇਸ ਤੋਂ ਇਲਾਵਾ ਖ਼ਾਲਸਾ ਹਾਈ ਸਕੂਲ ਅਤੇ ਪ੍ਰਾਇਮਰੀ ਸਕੂਲ ਮੌੜ ਮੰਡੀ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਉਤਸਵ ਤੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਭਾਈ ਬਲਕਰਨ ਸਿੰਘ ਰਾਗੀ ਵੱਲੋਂ ਕੀਰਤਨ ਕੀਤਾ ਗਿਆ, ਅਤੇ ਗੁਰੂ ਜੀ ਦਾ ਲੰਗਰ ਅਤੁੱਟ ਵਰਤਿਆ। ਇਸ ਮੌਕੇ 'ਤੇ ਸਕੂਲ ਦੇ ਡਾਇਰੈਕਟਰ ਸ. ਬੰਤ ਸਿੰਘ, ਮੁੱਖ ਅਧਿਆਪਕ ਹਰਜਿੰਦਰ ਸਿੰਘ ਗੁਰਬਚਨ ਸਿੰਘ ਬਾਬਾ ਕੇ ਪ੍ਰਾਨ ਟਰੱਕ ਯੂਨੀਅਨ ਮੌੜ, ਭੁਪਿੰਦਰ ਸਿੰਘ ਮਾਨ, ਜਗਿੰਦਰ ਸਿੰਘ, ਬਿੱਕਰ ਸਿੰਘ ਤੋਂ ਬਿਨਾਂ ਭੋਲਾ ਸਿੰਘ ਤੇ ਹੋਰ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਗੁਰਦੁਆਰਾ ਸਾਹਿਬ ਕੋਟਲੀ ਖੁਰਦ ਵਿਖੇ ਵੀ ਅਖੰਡ ਪਾਠ ਦੇ ਭੋਗ ਪਾਏ ਗਏ, ਗੁਰੂ ਕਾ ਲੰਗਰ ਵਰਤਾਇਆ ਗਿਆ। ਇਸ ਮੌਕੇ 'ਤੇ ਜਥੇਦਾਰ ਸਾਧੂ ਸਿੰਘ, ਜਗਸੀਰ ਸਿੰਘ, ਕੌਰ ਸਿੰਘ, ਬੂਟਾ ਸਿੰਘ ਨੰਬਰਦਾਰ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

'ਗੁਲਾਬੀ ਰੰਗ ਦੇ ਸੁਪਨੇ' ਪੁਸਤਕ ਦਾ ਸਿਰਜਣਾ ਕੇਂਦਰ ਵੱਲੋਂ ਰਿਲੀਜ਼ ਸਮਾਗਮ

ਕਪੂਰਥਲਾ, 5 ਜਨਵਰੀ (ਅ.ਬ.)- ਸਿਰਜਣਾ ਕੇਂਦਰ ਕਪੂਰਥਲਾ (ਰਜਿ.) ਵੱਲੋਂ ਸਥਾਨਕ ਵਿਰਸਾ ਵਿਹਾਰ ਦੇ ਆਡੀਟੋਰੀਅਮ ਵਿੱਚ ਪੁਸਤਕ ਰਿਲੀਜ਼ ਸਮਾਗਮ, ਨਾਰੀ ਕਵੀ ਦਰਬਾਰ ਅਤੇ ਨਾਟਕ ਸੁੱਚੀ ਸਾਂਝ ਦਾ ਆਯੋਜਨ ਕੀਤਾ ਗਿਆ ਜਿਸਦੀ ਪ੍ਰਧਾਨਗੀ ਡਾ. ਇੰਦਰਜੀਤ ਕੌਰ ਪ੍ਰਧਾਨ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ ਨੇ ਕੀਤੀ ਅਤੇ ਡਾ. ਜਗਜੀਤ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਹੋਣ ਵਾਲੇ ਹਿੰਦੂ ਕੰਨਿਆ ਕਾਲਜ ਦੇ ਪ੍ਰਿੰਸੀਪਲ ਅਰਚਨਾ ਗਰਗ, ਡਾ. ਅਵਿਨਾਸ਼ ਕੌਰ, ਪ੍ਰੋ. ਮਨਜੀਤ ਕੌਰ ਪੱਡਾ, ਜੋਗਿੰਦਰ ਸਿੰਘ ਪੁਰ ਪ੍ਰਵਾਸੀ ਭਾਰਤੀ, ਡਾ. ਸੇਵਾ ਸਿੰਘ, ਕੰਵਰ ਸ਼ੇਰ ਸਿੰਘ ਧੰਜੂ ਏ.ਡੀ.ਸੀ. (ਵਿਕਾਸ) ਅਤੇ ਪ੍ਰੀਤਮ ਸਿੰਘ ਨਰੰਗਪੁਰ ਆਦਿ ਦੇ ਨਾਂ ਵਿਸ਼ੇਸ਼ ਵਰਨਣਯੋਗ ਹਨ। ਸਮਾਗਮ ਦੇ ਸ਼ੁਰੂਆਤ ਵਿੱਚ ਸਮੁੱਚੀ ਹਾਜ਼ਰੀ ਨੂੰ ਪ੍ਰੋਫੈਸਰ ਆਸਾ ਸਿੰਘ ਘੁੰਮਣ ਜੀਵਨ ਮੈਂਬਰ ਸਿਰਜਣਾ ਕੇਂਦਰ ਵੱਲੋਂ ਬਹੁਤ ਹੀ ਪ੍ਰਭਾਵਸ਼ਾਲੀ ਵਿਚਾਰਾਂ ਨਾਲ ਜੀ ਆਇਆਂ ਆਖਿਆ ਗਿਆ। ਨਾਰੀ ਕਵੀ ਦਰਬਾਰ ਤੋਂ ਪਹਿਲਾਂ ਕੰਵਲ ਸ਼ੇਰ ਸਿੰਘ ਧੰਜੂ, ਆਰ.ਐਸ. ਢਿੱਲੋਂ ਐਡਵੋਕੇਟ, ਡਾ. ਇੰਦਰਜੀਤ ਕੌਰ, ਗੁਰਮੁਖ ਸਿੰਘ ਢੋਡ, ਸੁਰਜੀਤ ਸਾਜਨ ਅਤੇ ਕੇਂਦਰ ਦੇ ਪ੍ਰਧਾਨ ਹਰਫੂਲ ਸਿੰਘ ਆਦਿ ਵੱਲੋਂ ਸ਼ਮ੍ਹਾਂ ਰੌਸ਼ਨ ਕੀਤੀ ਗਈ, ਜਦ ਕਿ ਨਾਰੀ ਕਵੀ ਦਰਬਾਰ ਵਿੱਚ ਉੱਘੀ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਅਤੇ ਗੁਰਚਰਨ ਕੌਰ ਕੋਚਰ (ਲੁਧਿਆਣਾ), ਪਰਮਜੀਤ ਕੌਰ ਸਰਹਿੰਦ (ਸਰਹੰਦ), ਸੁਰਿੰਦਰਜੀਤ ਕੌਰ (ਜਲੰਧਰ), ਹਰਵਿੰਦਰ ਕੌਰ ਬਬਲੀ (ਦਿੱਲੀ) ਪ੍ਰਿੰਸੀਪਲ ਪ੍ਰੋਮਿਲਾ ਅਰੋੜਾ ਤੇ ਪ੍ਰੋ. ਸੁਰੇਸ਼ ਸ਼ਰਮਾ (ਕਪੂਰਥਲਾ) ਪ੍ਰਕਾਸ਼ ਕੌਰ (ਜਲੰਧਰ), ਅਨੀਤਾ ਦੇਵਗਨ ਤੇ ਪ੍ਰੋ. ਹਰਜੀਤ ਕੌਰ (ਅੰਮ੍ਰਿਤਸਰ) ਕਿਰਨ (ਰੋਪੜ) ਆਦਿ ਕਵਿਤਰੀਆਂ ਵਲੋਂ ਆਪਣੇ-ਆਪਣੇ ਕਲਾਮ ਨਾਲ ਸਮੁੱਚੇ ਹਾਲ ਵਿੱਚ ਹਾਜ਼ਰ ਸਰੋਤਿਆਂ ਨੂੰ ਸੰਜੀਦਗੀ ਪ੍ਰਦਾਨ ਕੀਤੀ ਗਈ। ਸਮਾਗਮ ਦੇ ਦੂਸਰੇ ਪੜਾਅ ਵਿੱਚ ਪੰਜਾਬੀ ਦੇ ਨਾਮਵਰ ਸ਼ਾਇਰ ਸੁਰਜੀਤ ਸਾਜਨ ਦੀ ਪੁਸਤਕ ਦੀ ਘੁੰਡ ਚੁਕਾਈ ਡਾ. ਜਗਜੀਤ ਕੌਰ, ਡਾਇਰੈਕਟਰ ਯੂਥ ਵੈਲਫੇਅਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਕੀਤੀ ਗਈ। ਇਸ ਸਮੇਂ ਉਹਨਾਂ ਦੇ ਨਾਲ ਡਾ. ਇੰਦਰਜੀਤ ਕੌਰ, ਸੁਖਵਿੰਦਰ ਅੰਮ੍ਰਿਤ, ਗੁਰਚਰਨ ਕੌਰ ਕੋਚਰ, ਹਰਵਿੰਦਰ, ਹਰਭਜਨ ਕੌਰ, ਕੰਵਲ ਸ਼ੇਰ ਸਿੰਘ ਧੰਜੂ, ਹਰਫੂਲ ਸਿੰਘ ਅਤੇ ਆਸਾ ਸਿੰਘ ਘੁੰਮਣ ਆਦਿ ਵੀ ਸ਼ੁਸ਼ੋਭਿਤ ਸਨ। ਪੁਸਤਕ ਰਿਲੀਜ਼ ਕਰਨ ਤੋਂ ਪਹਿਲਾਂ ਪੰਜਾਬੀ ਦੇ ਨਾਮੀ ਸ਼ਾਇਰ ਇਬਲੀਸ ਵਲੋਂ ਸੁਰਜੀਤ ਸਾਜਨ ਦੀ ਸ਼ਾਇਰੀ ਤੇ ਸ਼ਖ਼ਸੀਅਤ ਬਾਰੇ ਖੁੱਲ੍ਹੀਆਂ ਗੱਲਾਂ ਦੇ ਨਾਲ-ਨਾਲ ਪੁਸਤਕ ਵਿੱਚੋਂ, ਸ਼ਾਮਲ ਉਸਦਾ ਸ਼ਬਦ ਚਿੱਤਰ ਪੇਸ਼ ਕੀਤਾ ਗਿਆ, ਜਿਸ ਉਪਰੰਤ ਕੇਂਦਰ ਦੇ ਪ੍ਰਧਾਨ ਹਰਫੂਲ ਸਿੰਘ ਨੇ ਗੁਲਾਬੀ ਰੰਗ ਦੇ ਸੁਪਨੇ ਪੁਸਤਕ ਵਿੱਚੋਂ ਕੁੱਝ ਗਜ਼ਲਾਂ ਦੇ ਸ਼ੇਅਰਾਂ ਦਾ ਹਵਾਲਾ ਦਿੰਦੇ ਹੋਏ ਸ੍ਰੀ ਸੁਰਜੀਤ ਸਾਜਨ ਬਾਰੇ ਭਾਵਪੂਰਤ ਵਿਚਾਰ ਪੇਸ਼ ਕਰਦਿਆਂ ਕਿਹਾ ਗਿਆ ਕਿ ਸਾਜਨ ਮੇਰਾ ਉਸਤਾਦ ਵੀ ਹੈ ਅਤੇ ਸਿਰਜਣਾ ਕੇਂਦਰ ਦਾ ਸੰਜੀਦਾ ਮੈਂਬਰ ਹੈ, ਸੰਸਥਾ ਵਲੋਂ ਅਸੀਂ ਯਤਨ ਕੀਤਾ ਹੈ ਕਿ ਇਸਦੇ ਗੁਲਾਬੀ ਰੰਗ ਦੇ ਸੁਪਨੇ ਸਾਕਾਰ ਰੂਪ ਧਾਰਨ ਕਰਨ।

ਸਿਰਜਣਾ ਕੇਂਦਰ ਦੇ ਸਮਾਗਮ ਵਿੱਚ ਸੁਰਜੀਤ ਸਾਜਨ ਦੀ ਪੁਸਤਕ 'ਗੁਲਾਬੀ ਰੰਗ ਦੇ ਸੁਪਨੇ' ਰਿਲੀਜ਼ ਕਰਦੇ ਹੋਏ ਡਾ. ਦਲਜੀਤ ਕੌਰ, ਸੁਖਵਿੰਦਰ ਅੰਮ੍ਰਿਤ ਏ.ਡੀ.ਸੀ. ਧੰਜੂ, ਹਰਫੂਲ ਸਿੰਘ, ਡਾ. ਇੰਦਰਜੀਤ ਕੌਰ ਅਤੇ ਹੋਰ।

ਵਿਸ਼ਾਲ ਨਾਰੀ ਕਵੀ ਦਰਬਾਰ ਅਤੇ ਨਾਟਕ ਸੁੱਚੀ ਸਾਂਝ ਵੀ ਬਣੇ ਖਿੱਚ ਦਾ ਕੇਂਦਰ

ਇਸ ਮੌਕੇ ਤੇ ਪੰਮੀ ਹੰਸਪਾਲ (ਭਾਖੜਾ ਨੰਗਲ) ਵਲੋਂ ਸੁਰਜੀਤ ਸਾਜਨ ਦੀ ਗਜ਼ਲ ਗੁਲਾਬੀ ਰੰਗ ਦੇ ਸੁਪਨੇ ਤਰੰਨੁਮ ਵਿੱਚ ਗਾਈ ਗਈ। ਤੀਸਰੇ ਪੜਾਅ ਵਿੱਚ ਵੀਨਾ ਵਰਮਾ ਦੀ ਕਹਾਣੀ ਰਜਾਈ ਤੇ ਹਰਦੀਪ ਗਿੱਲ ਵਲੋਂ ਤਿਆਰ ਕੀਤਾ ਨਾਟਕ ਸੁੱਚੀ ਸਾਂਝ, ਫ਼ਿਲਮਾਂ ਅਤੇ ਥੀਏਟਰ ਦੀ ਜਾਣੀ ਪਹਿਚਾਣੀ ਹਸਤੀ ਅਨੀਤਾ ਦੇਵਗਨ ਦੀ ਨਿਰਦੇਸ਼ਨਾਂ ਹੇਠ ਉਨ੍ਹਾਂ ਦੀ ਹੀ ਸਮੁੱਚੀ ਟੀਮ ਵਲੋਂ ਪੇਸ਼ ਕੀਤਾ ਗਿਆ। ਡੇਢ ਘੰਟੇ ਦੇ ਇਸ ਨਾਟਕ ਦੀ ਪੇਸ਼ਕਾਰੀ ਸਮੇਂ ਸਰੋਤੇ ਇੰਨੇ ਮੰਤਰ ਮੁਗਧ ਹੋਏ ਕਿ ਹਾਲ ਵਿੱਚ ਪੱਤਾ ਡਿਗਣ ਜਿੰਨੀ ਫਾਲਤੂ ਆਵਾਜ਼ ਸੁਣਾਈ ਨਾ ਦਿੱਤੀ। ਆਮੰਤ੍ਰਤ ਕਵਿੱਤਰੀਆਂ, ਮੁੱਖ ਮਹਿਮਾਨ, ਪ੍ਰਧਾਨ ਤੇ ਹੋਰ ਵਿਅਕਤੀ ਵਿਸ਼ੇਸ਼ ਸਾਰਿਆਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ।